ਵਿਸ਼ਾ ਪੰਜਾਬੀ ਜਮਾਤ ਨੌਵੀਂ ਸਾਲ ਅਪ੍ਰੈਲ 2020

## ਕਵਿਤਾ ਭਾਗ ( ਪ੍ਰਸੰਗ ਸਹਿਤ ਵਿਆਖਿਆ ਅਤੇ ਕੇਂਦਰੀ ਭਾਵ )

## ਧਨੀ ਰਾਮ ਚਾਤ੍ਰਿਕ

### 1. ਵਹਿੰਦਾ ਜਾਏ



(ੳ) ਉੱਤਰ ਪਹਾੜੋਂ.............. ਵਹਿੰਦਾ ਜਾਏ।

ਪ੍ਰਸੰਗ :- ਇਹ ਕਾਵਿ-ਟੋਟਾ 'ਸਾਹਿਤ ਮਾਲਾ' ਪੁਸਤਕ ਵਿੱਚ ਦਰਜ ਧਨੀ ਰਾਮ ਚਾਤ੍ਰਿਕ ਦੀ ਕਵਿਤਾ 'ਵਹਿੰਦਾ ਜਾਏ' ਵਿੱਚੋਂ ਲਿਆ ਗਿਆ ਹੈ। ਇਸ ਕਵਿਤਾ ਵਿੱਚ ਕਵੀ ਨੇ ਨਦੀ ਦੇ ਪਾਣੀ ਦੇ ਪਹਾੜਾਂ ਤੋਂ ਲਹਿਣ ਮਗਰੋਂ ਮੈਦਾਨਾਂ ਵਿੱਚ ਵਹਿ ਕੇ ਸਮੁੰਦਰ ਨਾਲ ਮਿਲਣ ਅਤੇ ਉੱਥੋਂ ਫਿਰ ਬੱਦਲਾਂ ਦੇ ਰੂਪ ਵਿੱਚ ਉੱਡ ਕੇ ਪਹਾੜਾਂ ਅਤੇ ਮੀਂਹ ਦੇ ਰੂਪ ਵਿੱਚ ਵਰਨ ਦੀ ਕਹਾਣੀ ਨੂੰ ਬਿਆਨ ਕਰਦਿਆਂ ਮਨੁੱਖ ਦੇ ਪ੍ਰਭੂ ਤੋਂ ਵਿਛੜਨ ਤੇ ਫਿਰ ਮਿਲਣ ਦੇ ਰਹੱਸ ਨੂੰ ਪੇਸ਼ ਕੀਤਾ ਹੈ।

ਵਿਆਖਿਆ :- ਕਵੀ ਕਹਿੰਦਾ ਹੈ ਕਿ ਨਦੀ ਦਾ ਪਾਣੀ ਪਹਾੜ ਤੋਂ ਲੈਂਦਾ ਆ ਰਿਹਾ ਹੈ। ਇਹ ਪਾਣੀ ਡਿੱਗਦਾ, ਢਹਿੰਦਾ, ਚੱਕਰ ਖਾਂਦਾ, ਧੱਕੇ ਸਹਿੰਦਾ ਤੇ ਚਟਾਨਾਂ ਨਾਲ ਖਹਿੰਦਾ ਹੋਇਆ ਹੇਠਾਂ ਉੱਤਰਦਾ ਹੈ। ਇਸ ਤਰ੍ਹਾਂ ਪਹਾੜ ਤੋਂ ਉੱਤਰ ਕੇ ਨਦੀ ਦਾ ਇਹ ਪਾਣੀ ਅੱਗੇ ਹੀ ਅੱਗੇ ਵਹਿੰਦਾ ਜਾਂਦਾ ਹੈ।

(ਅ) ਰਾਹ ਤੁਰਦਾ ਅਸਮਾਨੀ............ ਵਹਿੰਦਾ ਜਾਏ।

ਪ੍ਰਸੰਗ :- ਇਹ ਕਾਵਿ-ਟੋਟਾ 'ਸਾਹਿਤ ਮਾਲਾ" ਪੁਸਤਕ ਵਿੱਚ ਦਰਜ ਧਨੀ ਰਾਮ ਚਾਤ੍ਰਿਕ ਦੀ ਕਵਿਤਾ 'ਵਹਿੰਦਾ ਜਾਏ' ਵਿੱਚੋਂ ਲਿਆ ਗਿਆ ਹੈ। ਇਸ ਕਵਿਤਾ ਵਿੱਚ ਕਵੀ ਨੇ ਨਦੀ ਦੇ ਪਾਣੀ ਦੇ ਪਹਾੜਾਂ ਤੋਂ ਲਹਿਣ ਮਗਰੋਂ ਮੈਦਾਨਾਂ ਵਿੱਚ ਵਹਿ ਕੇ ਸਮੁੰਦਰ ਨਾਲ ਮਿਲਣ ਅਤੇ ਉੱਥੋਂ ਫਿਰ ਬੱਦਲਾਂ ਦੇ ਰੂਪ ਵਿੱਚ ਉੱਡ ਕੇ ਪਹਾੜਾਂ ਅਤੇ ਮੀਂਹ ਦੇ ਰੂਪ ਵਿੱਚ ਵਰਨ ਦੀ ਕਹਾਣੀ ਨੂੰ ਬਿਆਨ ਕਰਦਿਆਂ ਮਨੁੱਖ ਦੇ ਪ੍ਰਭੂ ਤੋਂ ਵਿਛੜਨ ਤੇ ਫਿਰ ਮਿਲਣ ਦੇ ਰਹੱਸ ਨੂੰ ਪੇਸ਼ ਕੀਤਾ ਹੈ।

ਵਿਆਖਿਆ :- ਕਵੀ ਕਹਿੰਦਾ ਹੈ ਕਿ ਆਪਣੇ ਲੰਮੇ ਰਸਤੇ ਉੱਤੇ ਤੁਰਦਾ ਹੋਇਆ ਅਸਮਾਨ ਦਾ ਤਾਰਾ ਨਦੀ ਦੀਆਂ ਲਹਿਰਾਂ ਵਿੱਚੋਂ ਝਲਕਾਰੇ ਮਾਰਦਾ ਹੋਇਆ ਆਖਦਾ ਹੈ ਕਿ ਤੇਰਾ ਪੰਧ ਮੇਰੇ ਪੰਦ ਵਾਂਗ ਹੀ ਬਹੁਤ ਲੰਮਾ ਹੈ ਤੇ ਨਾਲ ਹੀ ਕਹਿੰਦਾ ਹੈ ਕਿ ਹੇ ਪਾਣੀ ! ਤੂੰ ਅੱਗੇ ਹੀ ਅੱਗੇ ਤੁਰਦਾ ਜਾਹ, ਤਾਂ ਹੀ ਤੇਰਾ ਪੰਧ ਮੁੱਕੇਗਾ। ਇਸ ਚਿਤਾਵਨੀ ਨੂੰ ਸੁਣਦਾ ਹੋਇਆ ਨਦੀ ਦਾ ਪਾਣੀ ਵਹਿੰਦਾ ਜਾ ਰਿਹਾ ਹੈ।

(ੲ) ਨਾਲ ਸਮੁੰਦਰ ਸਾਕਾਦਾਰੀ.................. ਵਹਿੰਦਾ ਜਾਏ।

ਪ੍ਰਸੰਗ :- ਇਹ ਕਾਵਿ-ਟੋਟਾ 'ਸਾਹਿਤ ਮਾਲਾ" ਪੁਸਤਕ ਵਿੱਚ ਦਰਜ ਧਨੀ ਰਾਮ ਚਾਤ੍ਰਿਕ ਦੀ ਕਵਿਤਾ 'ਵਹਿੰਦਾ ਜਾਏ' ਵਿੱਚੋਂ ਲਿਆ ਗਿਆ ਹੈ। ਇਸ ਕਵਿਤਾ ਵਿੱਚ ਕਵੀ ਨੇ ਨਦੀ ਦੇ ਪਾਣੀ ਦੇ ਪਹਾੜਾਂ ਤੋਂ ਲਹਿਣ ਮਗਰੋਂ ਮੈਦਾਨਾਂ ਵਿੱਚ ਵਹਿ ਕੇ ਸਮੁੰਦਰ ਨਾਲ ਮਿਲਣ ਅਤੇ ਉੱਥੋਂ ਫਿਰ ਬੱਦਲਾਂ ਦੇ ਰੂਪ ਵਿੱਚ ਉੱਡ ਕੇ ਪਹਾੜਾਂ ਅਤੇ ਮੀਂਹ ਦੇ ਰੂਪ ਵਿੱਚ ਵਰਨ ਦੀ ਕਹਾਣੀ ਨੂੰ ਬਿਆਨ ਕਰਦਿਆਂ ਮਨੁੱਖ ਦੇ ਪ੍ਰਭੂ ਤੋਂ ਵਿਛੜਨ ਤੇ ਫਿਰ ਮਿਲਣ ਦੇ ਰਹੱਸ ਨੂੰ ਪੇਸ਼ ਕੀਤਾ ਹੈ।

ਵਿਆਖਿਆ :- ਕਵੀ ਕਹਿੰਦਾ ਹੈ ਕਿ ਨਦੀ ਦੇ ਪਾਣੀ ਦੀ ਸਮੁੰਦਰ ਦੇ ਪਾਣੀ ਨਾਲ ਰਿਸ਼ਤੇਦਾਰੀ ਹੈ। ਉਹ ਆਪਣੇ ਇਸ ਰਿਸ਼ਤੇਦਾਰ ਦੇ ਪਾਣੀ ਨਾਲ ਕਈ ਵਾਰ ਮਿਲਿਆ ਹੈ ਤੇ ਕਈ ਵਾਰੀ ਉਸ ਨਾਲੋਂ ਵਿਛੜਿਆ ਹੈ। ਸਮੁੰਦਰ ਵਿੱਚ ਮਿਲਣ ਪਿੱਛੋਂ ਨਦੀ ਦਾ ਇਹ ਪਾਣੀ ਸੂਰਜ ਦੀ ਗਰਮੀ ਨਾਲ ਬੱਦਲ ਬਣ ਕੇ ਅਸਮਾਨ 'ਤੇ ਜਾ ਚੜ੍ਹਦਾ ਹੈ ਤੇ ਫਿਰ ਪਹਾੜ ਉੱਤੇ ਜਾ ਵਰਦਾ ਹੈ। ਉੱਥੋਂ ਫਿਰ ਨਦੀ ਦਾ ਪਾਣੀ ਹੇਠਾਂ ਸਮੁੰਦਰ ਵੱਲ ਵਗਣਾ ਸ਼ੁਰੂ ਕਰ ਦਿੰਦਾ ਹੈ।

(ਸ) ਆਣਾ ਜਾਣਾ ਫੇਰੇ ...............ਵਹਿੰਦਾ ਜਾਏ।

ਪ੍ਰਸੰਗ :- ਇਹ ਕਾਵਿ-ਟੋਟਾ 'ਸਾਹਿਤ ਮਾਲਾ" ਪੁਸਤਕ ਵਿੱਚ ਦਰਜ ਧਨੀ ਰਾਮ ਚਾਤ੍ਰਿਕ ਦੀ ਕਵਿਤਾ 'ਵਹਿੰਦਾ ਜਾਏ' ਵਿੱਚੋਂ ਲਿਆ ਗਿਆ ਹੈ। ਇਸ ਕਵਿਤਾ ਵਿੱਚ ਕਵੀ ਨੇ ਨਦੀ ਦੇ ਪਾਣੀ ਦੇ ਪਹਾੜਾਂ ਤੋਂ ਲਹਿਣ ਮਗਰੋਂ ਮੈਦਾਨਾਂ ਵਿੱਚ ਵਹਿ ਕੇ ਸਮੁੰਦਰ ਨਾਲ ਮਿਲਣ ਅਤੇ ਉੱਥੋਂ ਫਿਰ ਬੱਦਲਾਂ ਦੇ ਰੂਪ ਵਿੱਚ ਉੱਡ ਕੇ ਪਹਾੜਾਂ ਅਤੇ ਮੀਂਹ ਦੇ ਰੂਪ ਵਿੱਚ ਵਰਨ ਦੀ ਕਹਾਣੀ ਨੂੰ ਬਿਆਨ ਕਰਦਿਆਂ ਮਨੁੱਖ ਦੇ ਪ੍ਰਭੂ ਤੋਂ ਵਿਛੜਨ ਤੇ ਫਿਰ ਮਿਲਣ ਦੇ ਰਹੱਸ ਨੂੰ ਪੇਸ਼ ਕੀਤਾ ਹੈ।

ਵਿਆਖਿਆ :- ਕਵੀ ਕਹਿੰਦਾ ਹੈ ਕਿ ਪਾਣੀ ਦਾ ਕੰਮ ਪਹਾੜ ਤੋਂ ਸਮੁੰਦਰ ਵੱਲ ਆਉਣਾ ਜਾਣਾ ਤੇ ਇਸ ਤਰ੍ਹਾਂ ਮੁੜ-ਮੁੜ ਫੇਰਾ ਪਾਉਣਾ ਹੈ। ਇਹ ਚੱਲਦਾ ਰਹਿੰਦਾ ਹੈ ਤੇ ਜ਼ਰਾ ਆਰਾਮ ਨਹੀਂ ਕਰਦਾ। ਇਹ ਆਪਣੇ ਮਾਲਕ ਦੇ ਹੁਕਮ ਵਿੱਚ

ਬੱਝਾ ਫੁਹਾਰੇ ਵਾਂਗ ਚੜ੍ਹਦਾ ਤੇ ਲਹਿੰਦਾ ਰਹਿੰਦਾ ਹੈ। ਇਸ ਤਰ੍ਹਾਂ ਨਦੀ ਦਾ ਪਾਣੀ ਵਹਿੰਦਾ ਜਾਂਦਾ ਹੈ। ਕੁਝ ਇਸੇ ਤਰ੍ਹਾਂ ਦਾ ਹਾਲ ਹੀ ਮਨੁੱਖੀ ਜੀਵਨ ਦਾ ਹੈ।

## 2. ਵਿਸਾਖੀ ਦਾ ਮੇਲਾ



**(ੳ) ਪੱਕ ਪਈਆਂ ਕਣਕਾਂ ...................... ਵਿਸਾਖੀ ਚੱਲੀਏ।**

**ਪ੍ਰਸੰਗ :-** ਇਹ ਕਾਵਿ-ਟੋਟਾ 'ਸਾਹਿਤ-ਮਾਲਾ' ਪਾਠ ਪੁਸਤਕ ਵਿੱਚ ਦਰਜ ਕਵੀ ਧਨੀ ਰਾਮ ਚਾਤ੍ਰਿਕ ਦੀ ਲਿਖੀ ਹੋਈ ਕਵਿਤਾ 'ਵਿਸਾਖੀ ਦਾ ਮੇਲਾ' ਵਿੱਚੋਂ ਲਿਆ ਗਿਆ ਹੈ। ਇਸ ਕਵਿਤਾ ਵਿੱਚ ਕਵੀ ਨੇ ਵਿਸਾਖ ਦੇ ਮਹੀਨੇ ਦੀ ਕੁਦਰਤ ਦਾ ਵਰਣਨ ਕਰਨ ਤੋਂ ਇਲਾਵਾ ਇੱਕ ਪੇਂਡੂ ਮੇਲੇ ਦਾ ਯਥਾਰਥਕ ਚਿਤਰਨ ਵੀ ਕੀਤਾ ਹੈ। ਇਸ ਵਿੱਚ ਇੱਕ ਨੌਜਵਾਨ ਆਪਣੀ ਪ੍ਰੇਮਿਕਾ ਨੂੰ ਆਪਣੇ ਨਾਲ ਚਲ ਕੇ ਮੇਲੇ ਦੀ ਖ਼ੁਸ਼ੀ ਨੂੰ ਮਾਨਣ ਲਈ ਕਹਿੰਦਾ ਹੈ। ਇਨ੍ਹਾਂ ਸਤਰਾਂ ਵਿੱਚ ਵਿਸਾਖ ਦੇ ਮਹੀਨੇ ਦੀ ਕੁਦਰਤ ਦਾ ਵਰਨਣ ਹੈ।

**ਵਿਆਖਿਆ :-** ਮੇਲੇ ਦਾ ਸ਼ੌਕੀਨ ਨੌਜਵਾਨ ਆਪਣੀ ਪ੍ਰੇਮਿਕਾ ਨੂੰ ਕਹਿੰਦਾ ਹੈ ਕਿ ਕਣਕਾਂ ਪੱਕ ਗਈਆਂ ਹਨ। ਲੁਕਾਠ ਰਸ ਗਿਆ ਹੈ। ਅੰਬਾਂ ਨੂੰ ਬੂਰ ਪੈ ਗਿਆ ਹੈ। ਗੁਲਾਬ ਦੇ ਫੁੱਲ ਖਿੜ ਗਏ ਹਨ। ਬਾਗ਼ਾਂ ਉੱਪਰ ਬਹਾਰ ਨੇ ਸੋਹਣਾ ਰੰਗ ਫੇਰਿਆ ਹੈ ਤੇ ਬੇਰਾਂ ਦੇ ਭਾਰ ਨਾਲ ਟਹਿਣੀਆਂ ਲਿਫੀਆਂ ਪਈਆਂ ਹਨ। ਵੇਲਾਂ ਪੁੰਗਰ ਪਈਆਂ ਹਨ ਤੇ ਉਹ ਰੁੱਖਾਂ ਉੱਪਰ ਚੜ੍ਹਨ ਲੱਗ ਪਈਆਂ ਹਨ। ਫੁੱਲਾਂ ਹੇਠੋਂ ਫਲਾਂ ਨੇ ਲੜੀਆਂ ਪਰੋ ਲਈਆਂ ਹਨ ਅਰਥਾਤ ਵੇਲਾਂ ਨੂੰ ਲੱਗੇ ਇੱਕ ਫਲ

ਦਿਖਾਈ ਦੇਣ ਲੱਗੇ ਹਨ। ਦੁਨੀਆਂ ਉੱਪਰ ਰੱਬ ਦੀ ਨਜ਼ਰ ਮਿਹਰ ਭਰੀ ਜਾਪਦੀ ਹੈ। ਚੱਲ ਸੱਜਣੀ, ਅਸੀਂ ਵੀ ਅਜਿਹੇ ਸਮੇਂ ਦੀ ਖੁਸ਼ੀ ਮਨਾਉਣ ਲਈ ਮੇਲੇ ਚੱਲੀਏ।

(ਅ) ਦੂਰ-ਦੂਰ ਥਾਉਂ ....................ਵਿਸਾਖੀ ਚੱਲੀਏ।

ਪ੍ਰਸੰਗ :- ਇਹ ਕਾਵਿ-ਟੋਟਾ 'ਸਾਹਿਤ-ਮਾਲਾ' ਪਾਠ ਪੁਸਤਕ ਵਿੱਚ ਦਰਜ ਕਵੀ ਧਨੀ ਰਾਮ ਚਾਤ੍ਰਿਕ ਦੀ ਲਿਖੀ ਹੋਈ ਕਵਿਤਾ 'ਵਿਸਾਖੀ ਦਾ ਮੇਲਾ' ਵਿੱਚੋਂ ਲਿਆ ਗਿਆ ਹੈ। ਇਸ ਕਵਿਤਾ ਵਿੱਚ ਕਵੀ ਨੇ ਵਿਸਾਖ ਦੇ ਮਹੀਨੇ ਦੀ ਕੁਦਰਤ ਦਾ ਵਰਣਨ ਕਰਨ ਤੋਂ ਇਲਾਵਾ ਇੱਕ ਪੇਂਡੂ ਮੇਲੇ ਦਾ ਯਥਾਰਥਕ ਚਿਤਰਨ ਵੀ ਕੀਤਾ ਹੈ। ਇਸ ਵਿੱਚ ਇੱਕ ਨੌਜਵਾਨ ਆਪਣੀ ਪ੍ਰੇਮਿਕਾ ਨੂੰ ਆਪਣੇ ਨਾਲ ਚਲ ਕੇ ਮੇਲੇ ਦੀ ਖ਼ੁਸ਼ੀ ਨੂੰ ਮਾਨਣ ਲਈ ਕਹਿੰਦਾ ਹੈ। ਇਨ੍ਹਾਂ ਸਤਰਾਂ ਵਿੱਚ ਪੇਂਡੂ ਮੇਲੇ ਦਾ ਯਥਾਰਥਕ ਚਿਤਰਣ ਹੈ।

ਵਿਆਖਿਆ :- ਮੇਲੇ ਦਾ ਸ਼ੌਕੀਨ ਆਪਣੀ ਪ੍ਰੇਮਿਕਾ ਨੂੰ ਕਹਿੰਦਾ ਹੈ ਕਿ ਵਿਸਾਖੀ ਦੇ ਮੇਲੇ ਵਿੱਚ ਦੂਰੋਂ-ਦੂਰੋਂ ਵਪਾਰੀ ਆਏ ਹਨ, ਜੋ ਕਿ ਦੁਪਟਿਆਂ ਤੇ ਕਿਨਾਰੀ ਲਾਉਣ ਲਈ ਸੋਹਣੀਆਂ-ਸੋਹਣੀਆਂ ਲੈਸਾਂ ਤੇ ਫ਼ੀਤੇ ਲਿਆਏ ਹਨ। ਉੱਥੇ ਗ਼ਜਰਿਆਂ ਤੇ ਵੰਗਾਂ ਦਾ ਵੀ ਕੋਈ ਅੰਤ ਨਹੀਂ। ਮੇਲੇ ਵਿੱਚ ਝੂਠੇ ਗਹਿਣਿਆਂ ਦੀ ਤਾਂ ਮੰਡੀ ਲੱਗੀ ਹੋਈ ਹੈ। ਹਲਵਾਈਆਂ ਨੇ ਹਜ਼ਾਰਾਂ ਹੱਟੀਆਂ ਲਾਈਆਂ ਹੋਈਆਂ ਹਨ ਤੇ ਮੇਲੇ ਵਿੱਚ ਹੋਰ ਸੈਂਕੜੇ ਪ੍ਰਕਾਰ ਦੀਆਂ ਸੁਗਾਤਾਂ ਆਈਆਂ ਹੋਈਆਂ ਹਨ। ਹੱਟੀ-ਹੱਟੀ ਉੱਪਰ ਭਿੰਨ-ਭਿੰਨ ਚੀਜ਼ਾਂ ਦੇ ਸ਼ੌਕੀਨਾਂ ਦੀਆਂ ਭੀੜਾਂ ਖੜ੍ਹੀਆਂ ਹਨ। ਚੱਲ ਸੱਜਣੀ ਅਸੀਂ ਵੀ ਵਿਸਾਖੀ ਦੇ ਮੇਲੇ ਦਾ ਆਨੰਦ ਮਾਣੀਏ।

(ੲ) ਥਾਈਂ ਥਾਈਂ ਖੇਡਾਂ ............ ਵਿਸਾਖੀ ਚੱਲੀਏ।

ਪ੍ਰਸੰਗ :- ਇਹ ਕਾਵਿ-ਟੋਟਾ 'ਸਾਹਿਤ-ਮਾਲਾ' ਪਾਠ ਪੁਸਤਕ ਵਿੱਚ ਦਰਜ ਕਵੀ ਧਨੀ ਰਾਮ ਚਾਤ੍ਰਿਕ ਦੀ ਲਿਖੀ ਹੋਈ ਕਵਿਤਾ 'ਵਿਸਾਖੀ ਦਾ ਮੇਲਾ' ਵਿੱਚੋਂ ਲਿਆ ਗਿਆ ਹੈ। ਇਸ ਕਵਿਤਾ ਵਿੱਚ ਕਵੀ ਨੇ ਵਿਸਾਖ ਦੇ ਮਹੀਨੇ ਦੀ ਕੁਦਰਤ ਦਾ ਵਰਣਨ ਕਰਨ ਤੋਂ ਇਲਾਵਾ ਇੱਕ ਪੇਂਡੂ ਮੇਲੇ ਦਾ ਯਥਾਰਥਕ ਚਿਤਰਨ ਵੀ ਕੀਤਾ ਹੈ। ਇਸ ਵਿੱਚ ਇੱਕ ਨੌਜਵਾਨ ਆਪਣੀ ਪ੍ਰੇਮਿਕਾ ਨੂੰ ਆਪਣੇ ਨਾਲ ਚਲ ਕੇ ਮੇਲੇ ਦੀ ਖ਼ੁਸ਼ੀ ਨੂੰ ਮਾਨਣ ਲਈ ਕਹਿੰਦਾ ਹੈ।

ਵਿਆਖਿਆ :- ਮੇਲੇ ਦਾ ਸ਼ੌਕੀਨ ਆਪਣੀ ਪ੍ਰੇਮਿਕਾ ਨੂੰ ਕਹਿੰਦਾ ਹੈ ਕਿ ਮੇਲੇ ਵਿੱਚ ਥਾਂ-ਥਾਂ ਪੰਘੂੜੇ ਲੱਗੇ ਹੋਏ ਹਨ ਅਤੇ ਕਈ ਪ੍ਰਕਾਰ ਦੀਆਂ ਖੇਡਾਂ ਖੇਡੀਆਂ ਜਾ ਰਹੀਆਂ ਹਨ। ਥਾਂ-ਥਾਂ ਜੋਗੀਆਂ ਨੇ ਸੱਪਾਂ ਦੇ ਅਤੇ ਮਦਾਰੀਆਂ ਨੇ ਬਾਂਦਰਾਂ ਤੇ ਰਿੱਛਾਂ ਦੇ ਤਮਾਸ਼ੇ ਲਾਏ ਹੋਏ ਹਨ। ਮੇਲੇ ਵਿੱਚ ਕਿਸੇ ਪਾਸੇ ਵੰਝਲੀਆਂ, ਲਗੋਜ਼ਾ, ਕਾਟੋ ਤੇ ਤੂੰਬੇ ਵੱਜ ਰਹੇ ਹਨ ਅਤੇ ਕਿਸੇ ਪਾਸੇ ਛਿੰਝ ਵਿੱਚ ਸੂਰਮੇ ਪਹਿਲਵਾਨ ਗੱਜ ਰਹੇ ਹਨ। ਮੇਲੇ ਵਿੱਚ ਕਿਸੇ ਪਾਸੇ ਬਹੁਤ ਰੌਲਾ ਪੈ ਰਿਹਾ ਹੈ। ਇਸ ਤਰ੍ਹਾਂ ਲੱਗਦਾ ਹੈ, ਜਿਵੇਂ ਇੱਥੇ ਸਾਰੇ ਸੰਸਾਰ ਦਾ ਰੌਲਾ ਇਕੱਠਾ ਹੋ ਕੇ ਆ ਗਿਆ ਹੋਵੇ। ਮੇਲੇ ਵਿੱਚ ਸੰਘਣੀ ਭੀੜ ਹੈ। ਲੋਕਾਂ ਦਾ

ਇੱਕ-ਦੂਜੇ ਦੇ ਮੋਢੇ ਨਾਲ ਮੋਢਾ ਖਹਿ ਰਿਹਾ ਹੈ। ਮੇਲੇ ਦਾ ਪਸਾਰ ਕੋਹਾਂ ਤੱਕ ਦੇ ਖੇਤਰ ਵਿੱਚ ਹੈ। ਚੱਲ ਸੱਜਣੀ, ਅਜਿਹੇ ਰੌਣਕਾਂ ਭਰੇ ਮੇਲੇ ਦਾ ਆਨੰਦ ਲੈਣ ਲਈ ਚਲੀਏ।

## 3. ਜੀਵਨ-ਜੋਤ

(ੳ) ਜਗਤ ਵਿੱਚ ਜੀ ................ਤੂਫ਼ਾਨ ਪੈਦਾ ਕਰ

ਪ੍ਰਸੰਗ :- ਇਹ ਕਾਵਿ-ਟੋਟਾ 'ਸਾਹਿਤ ਮਾਲਾ' ਪੁਸਤਕ ਵਿੱਚ ਦਰਜ ਕਵੀ ਧਨੀ ਰਾਮ ਚਾਤ੍ਰਿਕ ਦੀ ਕਵਿਤਾ 'ਜੀਵਨ-ਜੋਤ' ਵਿੱਚੋਂ ਲਿਆ ਗਿਆ ਹੈ। ਇਸ ਕਵਿਤਾ ਵਿੱਚ ਕਵੀ ਮਨੁੱਖ ਨੂੰ ਸੰਬੋਧਨ ਕਰਦਿਆਂ ਉਸ ਨੂੰ ਉਸ ਦੇ ਅੰਦਰ ਮੌਜੂਦ ਪਰਮਾਤਮਾ ਦੀ ਅਥਾਹ ਸ਼ਕਤੀ ਸਬੰਧੀ ਸੁਚੇਤ ਕਰਦਿਆਂ ਉਸ ਨੂੰ ਆਪਣੀ ਹੋਂਦ ਨੂੰ ਨਿਵੇਕਲੇ ਅੰਦਾਜ਼ ਵਿੱਚ ਉਭਾਰਨ ਲਈ ਹੱਲਾ-ਸ਼ੇਰੀ ਦਿੰਦਾ ਹੈ

ਵਿਆਖਿਆ :- ਕਵੀ ਕਹਿੰਦਾ ਹੈ, ਹੇ ਮਨੁੱਖ ! ਤੂੰ ਇਸ ਸੰਸਾਰ ਵਿੱਚ ਸਦਾ ਲਈ ਜਿਊਂਦਾ ਰਹਿਣ ਦੇ ਸਮਾਨ ਪੈਦਾ ਕਰ। ਤੈਨੂੰ ਆਪਣੇ ਵਿੱਚ ਅਜਿਹੀ ਤਾਕਤ ਪੈਦਾ ਕਰਨੀ ਚਾਹੀਦੀ ਹੈ, ਜਿਸ ਨਾਲ ਤੂੰ ਮਰ ਕੇ ਵੀ ਅਮਰ ਹੋ ਜਾਵੇ। ਅਰਥਾਤ ਪਰਮਾਤਮਾ ਰੂਪ ਸਮੁੰਦਰ ਤੋਂ ਨਿਖੜ ਕੇ ਵੀ ਸਮੁੰਦਰ ਦਾ ਕਤਰਾ ਹੈ। ਤੈਨੂੰ ਇਸ ਜੀਵਨ ਰੂਪ ਕਤਰੇ ਵਿੱਚ ਉਛਾਲਾ ਮਾਰ ਕੇ ਕੋਈ ਤੂਫ਼ਾਨ ਪੈਦਾ ਕਰਨਾ ਚਾਹੀਦਾ ਹੈ।

(ਅ) ਤੂੰ ਜੀਵਨ ਹੈ ................ਅਸਮਾਨ ਪੈਦਾ ਕਰ।

ਪ੍ਰਸੰਗ :- ਇਹ ਕਾਵਿ-ਟੋਟਾ 'ਸਾਹਿਤ ਮਾਲਾ' ਪੁਸਤਕ ਵਿੱਚ ਦਰਜ ਕਵੀ ਧਨੀ ਰਾਮ ਚਾਤ੍ਰਿਕ ਦੀ ਕਵਿਤਾ 'ਜੀਵਨ-ਜੋਤ' ਵਿੱਚੋਂ ਲਿਆ ਗਿਆ ਹੈ। ਇਸ ਕਵਿਤਾ ਵਿੱਚ ਕਵੀ ਮਨੁੱਖ ਨੂੰ ਸੰਬੋਧਨ ਕਰਦਿਆਂ ਉਸ ਨੂੰ ਉਸ ਦੇ ਅੰਦਰ ਮੌਜੂਦ ਪਰਮਾਤਮਾ ਦੀ ਅਥਾਹ ਸ਼ਕਤੀ ਸਬੰਧੀ ਸੁਚੇਤ ਕਰਦਿਆਂ ਉਸ ਨੂੰ ਆਪਣੀ ਹੋਂਦ ਨੂੰ ਨਿਵੇਕਲੇ ਅੰਦਾਜ਼ ਵਿੱਚ ਉਭਾਰਨ ਲਈ ਹੱਲਾ-ਸ਼ੇਰੀ ਦਿੰਦਾ ਹੈ

ਵਿਆਖਿਆ :- ਕਵੀ ਕਹਿੰਦਾ ਹੈ, ਹੇ ਮਨੁੱਖ ! ਤੂੰ ਸੰਸਾਰ ਦਾ ਜੀਵਨ ਹੈ। ਤੈਨੂੰ ਬੇਜਾਨ ਬੁੱਤ ਬਣ ਕੇ ਨਹੀਂ ਬੈਠਣਾ ਚਾਹੀਦਾ। ਤੈਨੂੰ ਉਹ ਘਸਮਾਨ ਪੈਦਾ ਕਰਨਾ ਚਾਹੀਦਾ ਹੈ, ਜੋ ਦੁਨੀਆਂ ਦਾ ਨਕਸ਼ਾ ਬਦਲ ਦੇਵੇ। ਤੇਰੇ ਵਿੱਚ ਇੰਨੀ ਸ਼ਕਤੀ ਹੈ ਕਿ ਇਸ

ਤੰਗ ਧਰਤੀ ਉੱਤੇ ਗੁਜ਼ਾਰਾ ਬੜਾ ਮੁਸ਼ਕਿਲ ਹੈ। ਤੂੰ ਸਿਤਾਰਾ ਬਣ ਕੇ ਚਮਕਣ ਲਈ ਨਵੇਂ ਅਸਮਾਨ ਪੈਦਾ ਕਰ ਤੇ ਇਸ ਤਰ੍ਹਾਂ ਨਿਵੇਕਲੇ ਰੂਪ ਵਿੱਚ ਵਿਚਰਨ।

(ੲ) ਨਾ ਬਣਿਆ ਬੇਹਕੀਕਤ................ ਪੈਦਾ ਕਰ।

ਪ੍ਰਸੰਗ :- ਇਹ ਕਾਵਿ-ਟੋਟਾ 'ਸਾਹਿਤ ਮਾਲਾ' ਪੁਸਤਕ ਵਿੱਚ ਦਰਜ ਕਵੀ ਧਨੀ ਰਾਮ ਚਾਤ੍ਰਿਕ ਦੀ ਕਵਿਤਾ 'ਜੀਵਨ-ਜੋਤ' ਵਿੱਚੋਂ ਲਿਆ ਗਿਆ ਹੈ। ਇਸ ਕਵਿਤਾ ਵਿੱਚ ਕਵੀ ਮਨੁੱਖ ਨੂੰ ਸੰਬੋਧਨ ਕਰਦਿਆਂ ਉਸ ਨੂੰ ਉਸ ਦੇ ਅੰਦਰ ਮੌਜੂਦ ਪਰਮਾਤਮਾ ਦੀ ਅਥਾਹ ਸ਼ਕਤੀ ਸਬੰਧੀ ਸੁਚੇਤ ਕਰਦਿਆਂ ਉਸ ਨੂੰ ਆਪਣੀ ਹੋਂਦ ਨੂੰ ਨਿਵੇਕਲੇ ਅੰਦਾਜ਼ ਵਿੱਚ ਉਭਾਰਨ ਲਈ ਹੱਲਾ-ਸ਼ੇਰੀ ਦਿੰਦਾ ਹੈ।

ਵਿਆਖਿਆ :- ਕਵੀ ਕਹਿੰਦਾ ਹੈ ਕਿ ਹੇ ਮਨੁੱਖ ! ਤੈਨੂੰ ਅਣਹੋਂਦ ਜਿਹੀ ਬਣ ਕੇ ਨਹੀਂ ਰਹਿਣਾ ਚਾਹੀਦਾ, ਸਗੋਂ ਆਪਣੇ ਆਪੇ ਦੀ ਅਸਲੀਅਤ ਜ਼ਾਹਰ ਕਰਨ ਵਾਲਾ ਬਣਨਾ ਚਾਹੀਦਾ ਹੈ। ਇਸ ਸਮੇਂ ਤੇਰੀ ਹਸਤੀ ਸੂਖ਼ਮ ਹੈ, ਪਰ ਤੈਨੂੰ ਸ਼ਮਾ ਬਣ ਕੇ ਮਜਿਫ਼ਲ ਭਖਾਉਣੀ ਚਾਹੀਦੀ ਹੈ ਅਤੇ ਦੁਨੀਆਂ ਉੱਪਰ ਰੌਸ਼ਨੀ ਦੀ ਜੋਤ ਜਗਾਉਣੀ ਚਾਹੀਦੀ ਹੈ। ਤੈਨੂੰ ਇਕੱਲੀ ਕਲੀ ਦੀ ਜੂਨ ਛੱਡ ਦੇਣੀ ਚਾਹੀਦੀ ਹੈ ਤੇ ਖਿੜ ਕੇ ਬਾਗ਼ ਪੈਦਾ ਕਰਨਾ ਚਾਹੀਦਾ ਹੈ।

(ਸ) ਤੜਪ ਹੈ ਤੇਰੇ .................. ਖਾਨ ਪੈਦਾ ਕਰ।

ਪ੍ਰਸੰਗ :- ਇਹ ਕਾਵਿ-ਟੋਟਾ 'ਸਾਹਿਤ ਮਾਲਾ' ਪੁਸਤਕ ਵਿੱਚ ਦਰਜ ਕਵੀ ਧਨੀ ਰਾਮ ਚਾਤ੍ਰਿਕ ਦੀ ਕਵਿਤਾ 'ਜੀਵਨ-ਜੋਤ' ਵਿੱਚੋਂ ਲਿਆ ਗਿਆ ਹੈ। ਇਸ ਕਵਿਤਾ ਵਿੱਚ ਕਵੀ ਮਨੁੱਖ ਨੂੰ ਸੰਬੋਧਨ ਕਰਦਿਆਂ ਉਸ ਨੂੰ ਉਸ ਦੇ ਅੰਦਰ ਮੌਜੂਦ ਪਰਮਾਤਮਾ ਦੀ ਅਥਾਹ ਸ਼ਕਤੀ ਸਬੰਧੀ ਸੁਚੇਤ ਕਰਦਿਆਂ ਉਸ ਨੂੰ ਆਪਣੀ ਹੋਂਦ ਨੂੰ ਨਿਵੇਕਲੇ ਅੰਦਾਜ਼ ਵਿੱਚ ਉਭਾਰਨ ਲਈ ਹੱਲਾ-ਸ਼ੇਰੀ ਦਿੰਦਾ ਹੈ।

ਵਿਆਖਿਆ :- ਕਵੀ ਕਹਿੰਦਾ ਹੈ ਕਿ ਹੇ ਮਨੁੱਖ ! ਤੇਰੇ ਅੰਦਰ ਉਹ ਤੜਫ ਹੈ, ਜੋ ਦੁਨੀਆਂ ਵਿੱਚ ਕਿਆਮਤ ਪੈਦਾ ਕਰ ਸਕਦੀ ਹੈ। ਤੈਨੂੰ ਆਪਣੇ ਕਰਤੱਬ ਵਿਖਾਉਣ ਲਈ ਨਵਾਂ ਮੈਦਾਨ ਪੈਦਾ ਕਰਨਾ ਚਾਹੀਦਾ ਹੈ। ਤੈਨੂੰ ਸਿੱਪੀ ਵਾਂਗ ਇੱਕ-ਇੱਕ ਬੂੰਦ ਲਈ ਨਹੀਂ ਸਗੋਂ ਤੈਨੂੰ ਦਿਲ ਦਰਿਆ ਵਿੱਚ ਮੋਤੀਆਂ ਦੀ ਖਾਨ ਕਰਨੀ ਚਾਹੀਦੀ ਹੈ।

(ਹ) ਤੇਰੇ ਹੀ ਕਰਮ.................ਤਾਨ ਪੈਦਾ ਕਰ।

ਪ੍ਰਸੰਗ :- ਇਹ ਕਾਵਿ-ਟੋਟਾ 'ਸਾਹਿਤ ਮਾਲਾ' ਪੁਸਤਕ ਵਿੱਚ ਦਰਜ ਕਵੀ ਧਨੀ ਰਾਮ ਚਾਤ੍ਰਿਕ ਦੀ ਕਵਿਤਾ 'ਜੀਵਨ-ਜੋਤ' ਵਿੱਚੋਂ ਲਿਆ ਗਿਆ ਹੈ। ਇਸ ਕਵਿਤਾ ਵਿੱਚ ਕਵੀ ਮਨੁੱਖ ਨੂੰ ਸੰਬੋਧਨ ਕਰਦਿਆਂ ਉਸ ਨੂੰ ਉਸ ਦੇ ਅੰਦਰ ਮੌਜੂਦ ਪਰਮਾਤਮਾ ਦੀ ਅਥਾਹ ਸ਼ਕਤੀ ਸਬੰਧੀ ਸੁਚੇਤ ਕਰਦਿਆਂ ਉਸ ਨੂੰ ਆਪਣੀ ਹੋਂਦ ਨੂੰ ਨਿਵੇਕਲੇ ਅੰਦਾਜ਼ ਵਿੱਚ ਉਭਾਰਨ ਲਈ ਹੱਲਾ-ਸ਼ੇਰੀ ਦਿੰਦਾ ਹੈ।

ਵਿਆਖਿਆ :- ਕਵੀ ਕਹਿੰਦਾ ਹੈ ਕਿ ਹੇ ਮਨੁੱਖ ! ਤੇਰੇ ਕਰਮ ਫਲ ਕੇ ਹੀ ਕਿਸਮਤਾਂ ਦਾ ਬਾਗ਼ ਲਾਉਣਗੇ। ਤੈਨੂੰ ਹੌਂਸਲੇ ਨਾਲ ਆਪਣੀ ਤਾਕਤ ਦਾ ਗਿਆਨ ਪੈਦਾ ਕਰਨਾ ਚਾਹੀਦਾ ਹੈ। ਤੈਨੂੰ ਪਤਾ ਹੋਣਾ ਚਾਹੀਦਾ ਹੈ ਕਿ ਤੇਰੀ ਜੀਵਨ ਰੂਪੀ ਬੰਸਰੀ ਵਿੱਚ ਕ੍ਰਿਸ਼ਨ ਭਗਵਾਨ ਆਪ ਫੂਕ ਭਰਦਾ ਚਾਹੀਦਾ ਹੈ। ਤੈਨੂੰ ਆਪਣੇ ਵਿੱਚੋਂ ਅਜਿਹੀ ਤਾਨ ਪੈਦਾ ਕਰਨੀ ਚਾਹੀਦੀ ਹੈ, ਜੋ ਜ਼ਮੀਨ ਅਤੇ ਅਸਮਾਨ ਨੂੰ ਗੁੰਜਾ ਦੇਵੇ। ਤੇਰੇ ਵਿੱਚ ਅਥਾਹ ਸ਼ਕਤੀ ਹੈ।

(ਕ) ਜਿਨ੍ਹਾਂ ਨੇ ਜੋੜ ......................ਬਲਵਾਨ ਪੈਦਾ ਕਰ।

ਪ੍ਰਸੰਗ :- ਇਹ ਕਾਵਿ-ਟੋਟਾ 'ਸਾਹਿਤ ਮਾਲਾ' ਪੁਸਤਕ ਵਿੱਚ ਦਰਜ ਕਵੀ ਧਨੀ ਰਾਮ ਚਾਤ੍ਰਿਕ ਦੀ ਕਵਿਤਾ 'ਜੀਵਨ-ਜੋਤ' ਵਿੱਚੋਂ ਲਿਆ ਗਿਆ ਹੈ। ਇਸ ਕਵਿਤਾ ਵਿੱਚ ਕਵੀ ਮਨੁੱਖ ਨੂੰ ਸੰਬੋਧਨ ਕਰਦਿਆਂ ਉਸ ਨੂੰ ਉਸ ਦੇ ਅੰਦਰ ਮੌਜੂਦ ਪਰਮਾਤਮਾ ਦੀ ਅਥਾਹ ਸ਼ਕਤੀ ਸਬੰਧੀ ਸੁਚੇਤ ਕਰਦਿਆਂ ਉਸ ਨੂੰ ਆਪਣੀ ਹੋਂਦ ਨੂੰ ਨਿਵੇਕਲੇ ਅੰਦਾਜ਼ ਵਿੱਚ ਉਭਾਰਨ ਲਈ ਹੱਲਾ-ਸ਼ੇਰੀ ਦਿੰਦਾ ਹੈ।

ਵਿਆਖਿਆ :- ਕਵੀ ਕਹਿੰਦਾ ਹੈ ਕਿ ਹੇ ਮਨੁੱਖ, ਜੇ ਤੈਨੂੰ ਪਤਾ ਹੈ ਕਿ ਤੇਰੇ ਵਿੱਚ ਅਥਾਹ ਹਿੰਮਤ ਹੈ, ਤਾਂ ਤੈਨੂੰ ਆਪਣੇ ਵਿੱਚੋਂ ਉਨ੍ਹਾਂ ਬਲਵਾਨ ਸੂਰਮਿਆਂ ਦੀ ਸ਼ਕਤੀ ਪੈਦਾ ਕਰਨੀ ਚਾਹੀਦੀ ਹੈ, ਜਿਨ੍ਹਾਂ ਨੇ ਨਿੱਕੇ-ਨਿੱਕੇ ਤਿਣਕੇ ਜੋੜ ਕੇ ਮਹਾਨ ਦੁਨੀਆਂ ਵਸਾਈ ਹੈ।

# ਕਵਿਤਾਵਾਂ ਦੇ ਕੇਂਦਰੀ ਭਾਵ

## ਕਵਿਤਾ ਵਹਿੰਦਾ ਜਾਏ

ਨਦੀ ਦਾ ਪਾਣੀ ਪਹਾੜਾਂ ਤੋਂ ਡਿੱਗਦਾ-ਢਹਿੰਦਾ ਹੇਠਾਂ ਉੱਤਰ ਕੇ ਮੈਦਾਨਾਂ ਵਿੱਚੋਂ ਵਹਿੰਦਾ ਹੋਇਆ ਸਮੁੰਦਰ ਨਾਲ ਜਾ ਮਿਲਦਾ ਹੈ। ਉਥੋਂ ਫਿਰ ਸੂਰਜ ਦੀ ਗਰਮੀ ਨਾਲ ਭਾਫ਼ ਦਾ ਬੱਦਲ ਬਣ ਕੇ ਅਸਮਾਨ ਉੱਤੇ ਜਾ ਚੜ੍ਹਦਾ ਹੈ ਅਤੇ ਪਹਾੜ 'ਤੇ ਜਾ ਵਰ੍ਹਦਾ ਹੈ। ਉੱਥੋਂ ਇਹ ਮਾਲਕ ਦੇ ਹੁਕਮ ਦਾ ਬੱਧਾ ਨਦੀ ਦੇ ਰੂਪ ਵਿੱਚ ਵਹਿ ਤੁਰਦਾ ਹੈ ਤੇ ਆਉਣ ਜਾਣ ਦੇ ਗੇੜ ਵਿਚ ਪਿਆ ਰਹਿੰਦਾ ਹੈ। ਕੁਝ ਅਜਿਹੀ ਅਜਿਹੀ ਹਾਲਤ ਹੀ ਮਨੁੱਖੀ ਜੀਵਨ ਦੀ ਹੈ।

## ਕਵਿਤਾ ਵਿਸਾਖੀ ਦਾ ਮੇਲਾ ਕੇਂਦਰੀ ਭਾਵ

ਵਿਸਾਖੀ ਦਾ ਮੇਲਾ ਭੀੜ, ਹੱਟੀਆਂ, ਰੌਣਕਾਂ, ਰੌਲੇ-ਰੱਪੇ ਤੇ ਰੰਗ-ਤਮਾਸ਼ਿਆਂ ਨਾਲ ਭਰਪੂਰ ਹੈ। ਸਾਨੂੰ ਇਸ ਮੇਲੇ ਦੀ ਖ਼ੁਸ਼ੀ ਨੂੰ ਰੱਜ ਕੇ ਮਾਣਨਾ ਚਾਹੀਦਾ ਹੈ।

## ਕਵਿਤਾ ਜੀਵਨ-ਜੋਤ ਕੇਂਦਰੀ ਭਾਵ

ਮਨੁੱਖ ਵਿੱਚ ਅਥਾਹ ਰੱਬੀ ਸ਼ਕਤੀ ਹੈ। ਉਸਨੂੰ ਹਮੇਸ਼ਾ ਆਪਣੇ ਆਪ ਦਾ ਵਿਕਾਸ ਕਰਨ, ਆਪੇ ਦੀ ਪਛਾਣ ਕਰਨ, ਆਪੇ ਦੀ ਪਛਾਣ ਕਰਨ, ਆਪੇ ਨੂੰ ਵਿਸ਼ਾਲ ਤੇ ਬਲਵਾਨ ਬਣਾਉਣ ਅਤੇ ਆਲੇ-ਦੁਆਲੇ ਨੂੰ ਬਦਲ ਕੇ ਰੱਖ ਦੇਣ ਲਈ ਯਤਨਸ਼ੀਲ ਰਹਿਣਾ ਚਾਹੀਦਾ ਹੈ।

## ਵਸਤੂਨਿਸ਼ਠ ਉੱਤਰ ਵਾਲੇ ਪ੍ਰਸ਼ਨ

1. ਵਹਿੰਦਾ ਜਾਏ / ਵਿਸਾਖੀ ਦਾ ਮੇਲਾ / ਜੀਵਨ-ਜੋਤ ਕਵਿਤਾ ਦਾ ਕਵੀ ਕੌਣ ਹੈ ?
   ਧਨੀ ਰਾਮ ਚਾਤ੍ਰਿਕ
2. ਵਿਸਾਖੀ ਦੇ ਮੇਲੇ ਸਮੇਂ ਬੂਰ ਕਿਸ ਨੂੰ ਪਿਆ ਹੈ ?
   ਅੰਬਾਂ ਨੂੰ
3. ਛਿੰਝ ਵਿੱਚ ਪਾਉਣ ਗੱਜ ਰਹੇ ਹਨ ?
   ਪਹਿਲਵਾਨ
4. ਜੀਵਨ ਜੋਤ ਕਵਿਤਾ ਵਿੱਚ ਮੋਹਨ ਸ਼ਬਦ ਕਿਸ ਲਈ ਆਇਆ ਹੈ ?
   ਸ੍ਰੀ ਕ੍ਰਿਸ਼ਨ ਲਈ / ਪ੍ਰਮਾਤਮਾ ਲਈ

5. ਉਹ ਕਿਹੜੀ ਸ਼ਕਤੀ ਹੈ ਜਿਸ ਨੇ ਨਿੱਕੇ ਨਿੱਕੇ ਤਿਣਕੇ ਜੋੜ ਕੇ ਦੁਨੀਆਂ ਵਸਾਈ ਹੈ ?

ਹਿੰਮਤ